City of Mississauga
300 City Centre Drive
Mississauga, ON L5B 3C1

# News Release

mississauga.ca facebook.com/citymississauga x.com/citymississauga

## ਵੋਟ ਫ੍ਰੌਮ ਫਰੰਟ ਡੋਰ ਪ੍ਰੋਗਰਾਮ 2026 ਦੀਆਂ ਮਿਊਨਿਸਿਪਲ ਚੋਣਾਂ ਤੱਕ ਪਹੁੰਚ ਵਧਾਉਂਦਾ ਹੈ

ਜਿਹੜੇ ਵਸਨੀਕ ਘਰੋਂ ਬਾਹਰ ਜਾ ਕੇ ਵੋਟ ਪਾਉਣ ਵਿੱਚ ਅਸਮਰੱਥ ਹਨ ਜਾਂ ਪ੍ਰੌਕਸੀ ਨਿਯੁਕਤ ਨਹੀਂ ਕਰ ਸਕਦੇ, ਉਹ ਇਸ ਸਹੂਲਤ ਲਈ ਯੋਗ ਹੋ ਸਕਦੇ ਹਨ ਕਿ ਕੁਸ਼ਲ ਚੋਣ ਅਧਿਕਾਰੀ ਉਨ੍ਹਾਂ ਦੇ ਘਰ ਆ ਕੇ ਵੋਟ ਪਵਾਉਣ।

24 ਸਤੰਬਰ, 2026



ਕੁਝ ਵਸਨੀਕਾਂ ਲਈ, ਵੋਟਿੰਗ ਸਥਾਨ 'ਤੇ ਜਾਣਾ ਸੰਭਵ ਨਹੀਂ ਹੈ। ਇਸੇ ਲਈ Mississauga ਸ਼ਹਿਰ, 2026 ਦੀਆਂ ਮਿਊਨਿਸਿਪਲ ਚੋਣਾਂ ਲਈ ਵੋਟ ਫ੍ਰੌਮ ਫਰੰਟ ਡੋਰ (Vote From Front Door) ਪ੍ਰੋਗਰਾਮ ਪੇਸ਼ ਕਰ ਰਿਹਾ ਹੈ।

ਇਹ ਪ੍ਰੋਗਰਾਮ ਉਨ੍ਹਾਂ ਯੋਗ ਵਸਨੀਕਾਂ ਨੂੰ, ਜੋ ਵੋਟਿੰਗ ਸਥਾਨ ਤੱਕ ਜਾਣ ਦਾ ਸਫਰ ਨਹੀਂ ਕਰ ਸਕਦੇ ਅਤੇ ਨਾ ਹੀ ਕਿਸੇ ਪ੍ਰੌਕਸੀ ਨੂੰ ਨਿਯੁਕਤ ਕਰ ਸਕਦੇ ਹਨ, ਆਪਣਾ ਬੈਲਟ ਪਾਉਣ ਦਾ ਇੱਕ ਹੋਰ ਤਰੀਕਾ ਦਿੰਦਾ ਹੈ, ਜਿਸ ਨਾਲ ਵਧੇਰੇ ਲੋਕ ਲੋਕਲ ਲੋਕਤੰਤਰ ਵਿੱਚ ਹਿੱਸਾ ਲੈ ਸਕਦੇ ਹਨ। ਤੈਅ ਕੀਤੇ ਘਰੇਲੂ ਦੌਰਿਆਂ ਰਾਹੀਂ, ਕੁਸ਼ਲ ਚੋਣ ਅਧਿਕਾਰੀ ਯੋਗ ਵਸਨੀਕਾਂ ਨੂੰ ਵੋਟਿੰਗ ਪ੍ਰਕਿਰਿਆ ਵਿੱਚ ਮਦਦ ਕਰਨਗੇ।

ਇੱਕ ਪਾਇਲਟ ਪ੍ਰੋਗਰਾਮ ਵਜੋਂ, ਇਸਦੀ ਉਪਲਬਧਤਾ 40 ਅਪਾਇੰਟਮੈਂਟਾਂ ਤੱਕ ਸੀਮਤ ਹੈ।

## ਕੌਣ ਯੋਗ ਹੈ?

ਤੁਸੀਂ ਯੋਗ ਹੋ ਸਕਦੇ ਹੋ, ਜੇਕਰ ਤੁਸੀਂ:

- ਬੀਮਾਰੀ, ਸੱਟ ਜਾਂ ਜ਼ਿਆਦਾ ਤੁਰ-ਫਿਰ ਨਾ ਸਕਣ ਕਾਰਨ ਆਪਣੇ ਘਰ ਤੋਂ ਬਾਹਰ ਨਹੀਂ ਜਾ ਸਕਦੇ।
- ਆਪਣੀ ਤਰਫੋਂ ਵੋਟ ਪਾਉਣ ਲਈ ਵੋਟਿੰਗ ਪ੍ਰੌਕਸੀ ਨਿਯੁਕਤ ਕਰਨ ਵਿੱਚ ਅਸਮਰੱਥ ਹੋ।

ਇਲੈਕਸ਼ਨਸ ਆੱਫਿਸ (Elections Office) ਹਰ ਬੇਨਤੀ ਦੀ ਸਮੀਖਿਆ ਕਰੇਗਾ ਅਤੇ ਯੋਗਤਾ ਬਾਰੇ ਅੰਤਿਮ ਫੈਸਲਾ ਕਰੇਗਾ।

## ਕਿਵੇਂ ਅਰਜ਼ੀ ਦੇਣੀ ਹੈ

ਜੇ ਤੁਸੀਂ ਭਾਗ ਲੈਣ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਤੁਸੀਂ ਔਨਲਾਈਨ ਵੋਟ ਫ੍ਰੌਮ ਫਰੰਟ ਡੋਰ ਰਜਿਸਟ੍ਰੇਸ਼ਨ ਫਾਰਮ (Vote From Front Door registration form) ਭਰ ਸਕਦੇ ਹੋ।

ਰਜਿਸਟਰ ਕਰਨ ਤੋਂ ਬਾਅਦ, ਬਿਨੈਕਾਰ:

1. ਯੋਗਤਾ ਨਿਰਧਾਰਤ ਕਰਨ ਲਈ ਇੱਕ ਸਕ੍ਰੀਨਿੰਗ ਫੋਨ ਕਾਲ ਪੂਰੀ ਕਰਨਗੇ।
2. ਅਪਾਇੰਟਮੈਂਟ ਤੈਅ ਕਰਨ ਲਈ ਇੱਕ ਫਾਲੋ-ਅੱਪ ਕਾਲ ਪ੍ਰਾਪਤ ਕਰਨਗੇ।
3. ਵੋਟਿੰਗ ਐਗਰੀਮੈਂਟ ਅਤੇ ਪ੍ਰੋਗਰਾਮ ਦਿਸ਼ਾ-ਨਿਰਦੇਸ਼ਾਂ ਵਾਲੀ ਇੱਕ ਈਮੇਲ ਪ੍ਰਾਪਤ ਕਰਨਗੇ।

ਮਨਜ਼ੂਰਸ਼ੁਦਾ ਬਿਨੈਕਾਰਾਂ ਨੂੰ ਉਨ੍ਹਾਂ ਦੀ ਤੈਅ ਵੋਟਿੰਗ ਅਪਾਇੰਟਮੈਂਟ ਤੋਂ ਪਹਿਲਾਂ ਇਲੈਕਸ਼ਨਸ ਆੱਫਿਸ ਤੋਂ ਅਪਾਇੰਟਮੈਂਟ ਦੇ ਵੇਰਵੇ ਅਤੇ ਹਦਾਇਤਾਂ ਪ੍ਰਾਪਤ ਹੋਣਗੀਆਂ।

## ਹੋਰ ਜਾਣੋ

ਭਾਗ ਲੈਣ ਦੇ ਇੱਛੁਕ ਵਸਨੀਕ ਵੋਟਰ ਯੋਗਤਾ (voter eligibility) ਬਾਰੇ ਹੋਰ ਜਾਣਨ ਅਤੇ ਰਜਿਸਟ੍ਰੇਸ਼ਨ ਫਾਰਮ (registration form) ਭਰਨ ਲਈ mississaugavotes.ca ‘ਤੇ ਜਾ ਸਕਦੇ ਹਨ। ਸਿਰਫ਼ 40 ਅਪਾਇੰਟਮੈਂਟਾਂ ਉਪਲਬਧ ਹੋਣ ਕਰਕੇ, ਯੋਗ ਵਸਨੀਕਾਂ ਨੂੰ ਅਰਜ਼ੀ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਵੋਟਿੰਗ ਵਿਕਲਪਾਂ, ਮਹੱਤਵਪੂਰਨ ਤਾਰੀਖਾਂ ਅਤੇ 2026 ਦੀਆਂ ਮਿਊਨਿਸਿਪਲ ਚੋਣਾਂ ਬਾਰੇ ਪੂਰੀ ਜਾਣਕਾਰੀ ਲਈ, ਸ਼ਹਿਰ ਦੀ ਚੋਣ ਵੈੱਬਸਾਈਟ (City’s election website) 'ਤੇ ਜਾਓ।

-30-

## ਮੀਡੀਆ ਸੰਪਰਕ:


Mississauga ਸ਼ਹਿਰ ਮੀਡੀਆ ਰਿਲੇਸ਼ਨਸ
media@mississauga.ca
905-615-3200, ਐਕਸਟੈਨਸ਼ਨ 5232
TTY: 905-896-5151